No.SED-EDU4011/60/2026-1EDU4/I/1432058/2026

ਮਿਤੀ,ਚੰਡੀਗੜ੍ਹ:26-06-2026

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ – 4 ਸ਼ਾਖਾ)

ਹੁਕਮ

ਸ਼੍ਰੀਮਤੀ ਮਨਿੰਦਰ ਕੌਰ ਢਿੱਲੋਂ, ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਬਠਿੰਡਾ ਵੱਲੋਂ ਪੰਜਾਬ ਸਿਵਲ ਸੇਵਾਵਾਂ (ਪ੍ਰੀਮਚਿਊਰ ਰਿਟਾਇਰਮੈਂਟ) ਰੂਲਜ਼, 1975 ਦੇ ਨਿਯਮਾਂ ਤਹਿਤ ਮਿਤੀ 30-03-2026 ਤੋਂ ਤਿੰਨ ਮਹੀਨੇ ਦਾ ਨੋਟਿਸ ਦਿੰਦੇ ਹੋਏ ਉਸਨੂੰ ਮਿਤੀ 30-06-2026 ਬਾ.ਦੁ. ਤੋਂ ਸਵੈ-ਇੱਛਤ ਰਿਟਾਇਰ ਕਰਨ ਦੀ ਪ੍ਰਤੀਬੇਨਤੀ ਦਿੱਤੀ ਗਈ।

2. ਸ਼੍ਰੀਮਤੀ ਮਨਿੰਦਰ ਕੌਰ ਢਿੱਲੋਂ, ਜਿਲ੍ਹਾ ਸਿੱਖਿਆ ਅਫਸਰ(ਐ.ਸਿ.) ਬਠਿੰਡਾ ਦੀ ਸਵੈ-ਇੱਛਤ ਰਿਟਾਇਰਮੈਂਟ ਦੀ ਪ੍ਰਤੀਬੇਨਤੀ ਨਾਲ ਨੱਥੀ ਅੰਡਰਟੇਕਿੰਗ ਅਨੁਸਾਰ ਉਸ ਵੱਲੋਂ ਜੂਨ 2008 ਤੋਂ ਜੁਲਾਈ 2013 ਤੱਕ ਕੈਨੇਡਾ ਦੀ ਪੀ.ਆਰ. ਪ੍ਰਾਪਤ ਕੀਤੀ ਗਈ। ਇਸ ਲਈ ਸਰਕਾਰੀ ਕਰਮਚਾਰੀ (ਆਚਰਣ) ਨਿਯਮਾਵਲੀ, 1966 ਦੀ ਉਲੰਘਣਾ ਮੰਨਦੇ ਹੋਏ ਉਸਦੇ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਰੂਲਜ਼, 1970 ਦੇ ਨਿਯਮ 8 ਅਧੀਨ ਅਨੁਸ਼ਾਸਨੀ ਕਾਰਵਾਈ ਆਰੰਭਦੇ ਹੋਏ ਉਸਦਾ ਮਿਤੀ 30-06-2026 ਬਾ.ਦੁ. ਤੋਂ ਸਵੈ-ਇੱਛਤ ਰਿਟਾਇਰਮੈਂਟ ਦਾ ਨੋਟਿਸ ਰੱਦ ਕੀਤਾ ਜਾਂਦਾ ਹੈ।

3. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਮਿਤੀ,ਚੰਡੀਗੜ੍ਹ:26-06-2026

ਸੁਖਪ੍ਰੀਤ ਸਿੰਘ ਸਿੱਧੂ, ਪੀ.ਸੀ.ਐਸ.
ਸੰਯੁਕਤ ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਪਿੰ:ਅੰ:ਨੰ:SED-EDU4011/60/2026-1EDU4/I/1432058/2026/1-5 ਮਿਤੀ,ਚੰਡੀਗੜ੍ਹ:26-06-2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ ਸਕੂਲ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ।
2) ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਬਠਿੰਡਾ।
3) ਜ਼ਿਲ੍ਹਾ ਖਜ਼ਾਨਾ ਅਫਸਰ, ਬਠਿੰਡਾ।
4) ਦਫ. ਡੀ.ਜੀ.ਐਸ.ਈ., ਪੰਜਾਬ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤਾ ਜਾਵੇ।
5) ਸ਼੍ਰੀਮਤੀ ਮਨਿੰਦਰ ਕੌਰ, ਜਿ.ਸਿ.ਅ.(ਐ.ਸਿ.) ਬਠਿੰਡਾ।

ਅਧੀਨ ਸਕੱਤਰ ਸਕੂਲ ਸਿੱਖਿਆ